**ਪੰਜਾਬ ਸਰਕਾਰ**

**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ**

**(ਮਕਾਨ ਉਸਾਰੀ-2 ਸ਼ਾਖਾ)**

**ਨੋਟੀਫਿਕੇਸ਼ਨ**

ਮਿਤੀ: ਅਗਸਤ 29, 2018

ਨੰ: 18/69/16-5ਮਉ2/1638 ਪੰਜਾਬ ਸਰਕਾਰ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 18/69/2016-5ਮਉ2/1284921/1-12 ਮਿਤੀ 31-07-2018 ਵਿਚ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਹੇਠ ਲਿਖੇ ਅਨੁਸਾਰ ਅੰਸ਼ਿਕ ਸੋਧ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

1) ਪ੍ਰਮੋਟਰਾਂ ਵੱਲ ਓਵਰ ਡਿਊ ਰਕਮਾਂ (ਸਮੇਤ ਵਿਆਜ਼/ਦੰਡ ਵਿਆਜ਼) ਨੂੰ ਮਿਤੀ 30-06-2018 ਦੀ ਬਜਾਇ ਮਿਤੀ 31-07-2018 ਤੱਕ capitalize ਕੀਤਾ ਜਾਵੇਗਾ।

2) ਪ੍ਰਮੋਟਰਾਂ ਵਲੋਂ ਅਪ-ਟੂ-ਡੇਟ ਡਿਊ ਰਕਮਾਂ ਜਮ੍ਹਾਂ ਕਰਵਾਉਣ ਜਾਂ Capitalized ਡਿਫਾਲਟਡ ਰਕਮ ਦੀ 20% ਰਕਮ ਜਮ੍ਹਾ ਕਰਵਾਉਣ ਦੀ ਅੰਤਿਮ ਮਿਤੀ 10-08-2018 ਤੋਂ ਵਧਾ ਕੇ ਮਿਤੀ 31-08-2018 ਕੀਤੀ ਜਾਂਦੀ ਹੈ।

3) ਪ੍ਰਮੋਟਰਾ ਨੂੰ ਪਹਿਲਾਂ ਜਾਰੀ ਕੀਤੇ ਹੋਏ ਮੰਗ ਪੱਤਰਾਂ (ਪਹਿਲਾਂ ਜਾਰੀ ਮੋਰੇਟੋਰੀਅਮ ਪਾਲਿਸੀਆਂ ਤਹਿਤ ਜਾਰੀ ਕੀਤੇ ਗਏ ਮੰਗ ਪੱਤਰਾਂ ਸਮੇਤ) ਅਨੁਸਾਰ ਮਿਤੀ 01-08-2018 ਤੋਂ ਡਿਊ ਹੋਣ ਵਾਲੀਆਂ ਕਿਸ਼ਤਾਂ ਡਿਊ ਮਿਤੀਆਂ ਤੇ ਹੀ ਅਦਾ ਕਰਨੀਆਂ ਹੋਣਗੀਆਂ।

4) ਪਾਲਿਸੀ ਦੀ ਇਹ ਸੋਧ ਉਨ੍ਹਾ ਪ੍ਰਮੋਟਰਾਂ ਤੇ ਲਾਗੂ ਨਹੀਂ ਹੋਵੇਗੀ, ਜਿਹੜੇ ਪ੍ਰਮੋਟਰ ਪੰਜਾਬ ਸਰਕਾਰ ਵੱਲੋਂ ਪਹਿਲਾਂ ਜਾਰੀ ਨੋਟੀਫਿਕੇਸ਼ਨ ਨੰ: 18/69/16-5ਮਉ2/1284921/1-12 ਮਿਤੀ 31-07-2018 ਅਨੁਸਾਰ ਬਣਦੀ ਰਕਮ ਜਮ੍ਹਾਂ ਕਰਵਾ ਕੇ ਲਾਭ ਲੈਣ ਲਈ ਪਹਿਲਾਂ ਹੀ ਅਪਲਾਈ ਕਰ ਚੁੱਕੇ ਹਨ।

**ਮਿਤੀ: 24-08-2018**
**ਚੰਡੀਗੜ੍ਹ**

**ਵਿਨੀ ਮਹਾਜ਼ਨ, ਆਈ.ਏ.ਐਸ**
**ਵਧੀਕ ਮੁੱਖ ਸਕੱਤਰ,**
**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ**

ਪਿੱਠ ਅੰਕਣ ਨੰ: 18/69/16-5ਮਉ2/1639 ਮਿਤੀ, ਚੰਡੀਗੜ੍ਹ: 29/8/2018

ਉਪਰੋਕਤ ਦਾ ਉਤਾਰਾ ਸਮੇਤ ਵਾਧੂ ਕਾਪੀ ਦੇ Controller, Printing & Stationery, Punjab, SAS Nagar ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜ਼ਟ (ਸਾਧਾਰਣ) ਵਿਚ ਛਾਪਣ ਦੀ ਖੇਚਲ ਕੀਤੀ ਜਾਵੇ ਜੀ।

**ਵਿਸ਼ੇਸ਼ ਸਕੱਤਰ**

ਪਿੱਠ ਅੰਕਣ ਨੰ:18/69/2016-5ਮਉ2/1640-1650 ਮਿਤੀ, ਚੰਡੀਗੜ੍ਹ: 29/8/2018

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਨਗਰ ਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ।
2. ਮੁੱਖ ਪ੍ਰਸਾਸਕ, ਪੁੱਡਾ।
3. ਮੁੱਖ ਪ੍ਰਸਾਸਕ, ਗਮਾਡਾ, ਐਸ. ਏ. ਐਸ. ਨਗਰ।
4. ਮੁੱਖ ਪ੍ਰਸਾਸਕ, ਜੇ.ਡੀ.ਏ. ਜਲੰਧਰ।
5. ਮੁੱਖ ਪ੍ਰਸਾਸਕ, ਏ.ਡੀ.ਏ. ਅਮ੍ਰਿਤਸਰ।
6. ਮੁੱਖ ਪ੍ਰਸਾਸਕ, ਗਲਾਡਾ, ਲੁਧਿਆਣਾ।
7. ਮੁੱਖ ਪ੍ਰਸਾਸਕ, ਬੀ.ਡੀ.ਏ., ਬਠਿੰਡਾ।
8. ਮੁੱਖ ਪ੍ਰਸਾਸਕ, ਪੀ.ਡੀ.ਏ., ਪਟਿਆਲਾ।
9. ਵਧੀਕ ਮੁੱਖ ਪ੍ਰਸਾਸਕ, (ਵਿੱਤ ਤੇ ਲੇਖਾ), ਪੁੱਡਾ।
10. ਮੁੱਖ ਨਗਰ ਯੋਜਨਾਕਾਰ, ਪੰਜਾਬ।
11. ਜਨਰਲ ਮੈਨੇਜਰ, ਆਈ.ਟੀ. ਪੁੱਡਾ।

ਸੁਪਰਡੰਟ